S.U.C.C.E.S.S.

## ਵਿਸ਼ਵ ਸ਼ਰਨਾਰਥੀ ਦਿਵਸ ਮਨਾਉਣਾ (ਵਰਲਡ ਰਿਫਉਜੀ ਡੇ ਮਨਾਉਣਾ)

ਵੈਨਕੂਵਰ – 20 ਜੂਨ ਨੂੰ, ਵਰਲਡ ਰਿਫਉਜੀ ਡੇ ਦੇ ਮੌਕੇ ਤੇ, S.U.C.C.E.S.S. (ਸਕਸੈਸ), ਕਨੇਡਾ ਵਿੱਚ ਹੋਰ ਸੰਸਥਾਂਵਾਂ ਨਾਲ ਮਿਲ ਕੇ ਰਿਫਉਜੀਆਂ ਨੂੰ ਕਨੇਡਾ ਵਿੱਚ ਲਿਆ ਕੇ ਮੁੜ ਵਸਾਉਣ ਦੀ ਪ੍ਰਕਿਰਿਆ ਲਈ ਸਮਰਪਣ ਅਤੇ ਹੌਸਲੇ ਦੀ ਸ਼ਲਾਘਾ ਕਰਨ ਵਿੱਚ ਸ਼ਾਮਲ ਹੋਵੇਗਾ।

"ਕਨੇਡਾ ਦੀ ਪੁਰਾਣੀ ਪਰੰਪਰਾ ਹੈ ਕਿ ਜਿਨਾਂ ਦੀ ਸੁਰੱਖਿਆ ਦੀ ਜ਼ਰੂਰਤ ਜ਼ਾਇਜ਼ ਹੈ, ਉਨ੍ਹਾਂ ਦਾ ਇੱਥੇ ਸਵਾਗਤ ਕਰਨਾ। ਇਕ ਨਵੇਂ ਬਦਲਾਵ ਵਿੱਚ ਸਹਾਇਕ ਏਜੰਸੀ ਵਜੋਂ, ਸਾਨੂੰ ਫੱਖਰ ਹੈ ਕਿ ਅਸੀਂ ਕਨੇਡਾ ਦੇ ਇਸ ਨਜ਼ਰੀਏ ਦਾ ਇਕ ਹਿੱਸਾ ਹਾਂ ਅਤੇ ਉਨ੍ਹਾਂ ਦੀ ਮਦਦ ਕਰਦੇ ਹਾਂ ਜੋ ਅਨਿਸ਼ਚਿਤ ਅਤੇ ਮੁਸ਼ਕਲਾਂ ਭਰੇ ਹਾਲਾਤਾਂ ਵਿੱਚ ਰਹਿ ਰਹੇ ਸਨ ਅਤੇ ਕਨੇਡਾ ਵਿੱਚ ਆ ਕੇ ਇਕ ਨਵੇਂ ਜੀਵਣ ਦਾ ਆਰੰਭ ਕਰ ਰਹੇ ਹਨ," ਟਾਂਗ ਚੈਨ, ਸਕਸੈਸ ਦੇ ਸੀ ਈ ਓ ਨੇ ਕਿਹਾ।

ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਕੈਨੇਡਾ ਦੁਆਰਾ ਸਹਾਇਤਾ ਪ੍ਰਾਪਤ, S.U.C.C.E.S.S. (ਸਕਸੈਸ) ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ ਤੇ ਆਉਣ ਵਾਲੇ ਨਵੇਂ ਇਮੀਗਰੈਂਟਾਂ ਅਤੇ ਸਰਕਾਰੀ-ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ-ਸਪਾਂਸਰਡ ਰਿਫਉਜੀਆਂ ਨੂੰ ਭਰਪੂਰ ਜਾਣਕਾਰੀ ਕਮਿਊਨਿਟੀ ਏਅਰਪੋਰਟ ਨਿਉਕਮਰਜ਼ ਨੈਟਵਰਕ (C.A.N.N. (ਕੈਨ)) ਰਾਹੀਂ ਪ੍ਰਦਾਨ ਕਰਦਾ ਆ ਰਿਹਾ ਹੈ। ਇਹ ਇਕ ਵੱਖਰੀ ਤਰਾਂ ਦਾ ਬਹੁ-ਭਾਸ਼ੀ ਪ੍ਰੋਗ੍ਰਾਮ ਹੈ ਜਿਸ ਦੇ ਦੁਆਰਾ ਨਵੇਂ ਕਨੇਡਾ ਵਾਸੀਆਂ ਦਾ ਪ੍ਰਵੇਸ਼-ਸਥਾਨ ਤੇ ਹੀ  ਸਵਾਗਤ ਕੀਤਾ ਜਾਂਦਾ ਹੈ ਅਤੇ ਲੈਂਡਿੰਗ ਪ੍ਰਕਿਰਿਆ ਵਿੱਚ ਮਦਦ ਕਰਦਾ ਹੈ। ਕਨੇਡਾ ਵਿੱਚ ਅਜੇਹੇ ਦੋ ਹੀ ਪ੍ਰੋਗ੍ਰਾਮ ਹਨ, ਇਕ ਵੈਨਕੂਵਰ ਵਿੱਚ ਅਤੇ ਦੂਸਰਾ ਟੌਰਾਂਟੋ ਵਿੱਚ ਹੈ। C.A.N.N. (ਕੈਨ) ਨੇ 1992 ਵਿੱਚ ਨਵੇਂ ਆਉਣ ਵਾਲਿਆਂ ਨੂੰ ਸੇਵਾਂਵਾਂ ਪ੍ਰਦਾਨ ਕਰਨੀਆਂ ਸ਼ੁਰੂ ਕੀਤੀਆਂ ਸਨ ਅਤੇ 1997 ਵਿੱਚ ਇਸ ਦੀਆਂ ਸੇਵਾਂਵਾਂ ਨੂੰ ਵੱਧਾ ਕੇ ਰਿਫਉਜੀਆਂ ਨੂੰ ਮਦਦ ਦੇਣਾ ਵੀ ਸ਼ਾਮਲ ਕੀਤਾ ਗਿਆ।

ਪਿਛਲੇ 16 ਸਾਲਾਂ ਵਿੱਚ, C.A.N.N. (ਕੈਨ) ਨੇ ਤਕਰੀਬਨ 700,000 ਲੈਂਡਿੰਗ ਇਮੀਗ੍ਰੈਂਟਾਂ ਦੀ ਇਮੀਗ੍ਰੇਸ਼ਨ ਅਤੇ ਕਸਟਮ ਵਿਚੋਂ ਲੰਘਣ ਦੀ ਪ੍ਰਕਿਰਿਆ ਵਿੱਚ ਮਦਦ ਕੀਤੀ ਹੈ, ਆਵਾਸ ਸੰਬੰਧੀ ਸਵਾਲਾਂ ਦੇ ਜਵਾਬ ਦਿੱਤੇ ਹਨ ਅਤੇ ਇਸ ਤੋਂ ਵੀ ਵੱਧ, ਕਨੇਡਾ ਭਰ ਦੇ ਮੁੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ ਕਮਿਉਨਿਟੀ ਅਤੇ ਆਵਾਸ ਸੰਬੰਧੀ ਉਲੱਬਧ ਸੋਮਿਆਂ ਬਾਰੇ ਨਵੀ ਜਾਣਕਾਰੀ ਪ੍ਰਧਾਨ ਕੀਤੀ ਹੈ।

ਭਾਂਵੇਂ ਸਲਾਨਾ ਆਉਣ ਵਾਲੇ ਰਿਫਉਜ਼ੀਆਂ ਦੀ ਗਿਣਤੀ ਲਗਭਗ 1800 ਦੇ ਕਰੀਬ ਹੈ, ਪਰ ਸਧਾਰਨ ਤੌਰ ਤੇ ਇਨਾਂ ਦੀਆਂ ਚਨੌਤੀਆਂ ਇਮੀਗ੍ਰੈਂਟਾਂ ਨਾਲੋਂ ਵਧੇਰੇ ਹੁੰਦੀਆਂ ਹਨ। "ਅਸੀਂ ਇਨ੍ਹਾਂ ਦਾ ਹਵਾਈ ਅੱਡੇ ਉੱਤੇ ਸਵਾਗਤ ਕਰਦੇ ਹਾਂ, ਜਾਣਕਾਰੀ, ਭੋਜਨ, ਰਿਹਾਇਸ਼ ਦੇ ਸ਼ਹਿਰ ਨੂੰ ਜਾਣ ਵਿੱਚ ਮਦਦ, ਰਾਤ ਰੁੱਕ ਕੇ ਜਾਣ ਦੀ ਵਿਵਸਥਾ ਕਰਦੇ ਹਾਂ, ਸਰਦੀ ਅਤੇ ਅਚਾਨਕ ਆ ਪਈ ਜਰੂਰਤ ਦੇ ਕਪੜੇ ਆਦਿ ਵੀ ਮੁਹਈਆ ਕਰਵਾਉਂਦੇ ਹਾਂ। C.A.N.N. (ਕੈਨ), ਏਅਰਪੋਰਟ ਤੇ ਆਉਣ ਵਾਲੇ ਰਿਫਉਜੀਆਂ ਦੀਆਂ ਮੁਢਲੀਆਂ ਅਤੇ ਤੁਰੰਤ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਹਤੱਵਪੂਰਣ ਭੁਮਿਕਾ ਅਦਾ ਕਰਦਾ ਹੈ," ਕੈਨ ਮੈਨੇਜਰ, ਪਰਮਪਾਲ ਸ਼ਰਮਾ ਦਾ ਕਹਣਾ ਹੈ।

C.A.N.N. (ਕੈਨ), ਨਵੇਂ ਇਮੀਗਰੈਂਟਾਂ ਨੂੰ ਹਰ ਰੋਜ਼ ਸਵੇਰੇ ੮ ਵਜੇ ਤੋਂ ਸ਼ਾਮ ਦੇ ੮ ਵਜੇ ਤੱਕ, ਹਫਤੇ ਦੇ ਸੱਤੋ ਦਿਨ, ਸਰਕਾਰੀ ਛੁੱਟੀਆਂ ਨੂੰ ਛੱਡ ਕੇ, ਸੇਵਾਂਵਾਂ ਪ੍ਰਦਾਨ ਕਰਦਾ ਹੈ। ਰਿਫਉਜੀਆਂ ਲਈ, ਜਦੋਂ ਵੀ ਉਹ ਆਉਣ, ਦਿਨ ਵੇਲੇ ਜਾਂ ਰਾਤ ਨੂੰ, ਇਹ ਸੇਵਾਂਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। C.A.N.N. (ਕੈਨ) ਦੇ ਸੇਵਾ ਪ੍ਰਦਾਨ ਕਰਨ ਵਾਲੇ ਡੈਸਕ ਤੇ, ਜੋ ਕਿ ਲੈਂਡਿੰਗ ਰੂਮ ਵਿੱਚ ਹੈ, ਆਵਾਸ ਸੰਬੰਧੀ ਮਸਲਿਆਂ ਬਾਰੇ ਜਾਣਕਾਰੀ ਭਰਪੂਰ ਕਿਤਾਬਾਂ, ਏਜੰਸੀਆਂ ਦੇ

ਇਸ਼ਤਿਹਾਰ ਅਤੇ ਆਉਣ ਵਾਲੇ ਪ੍ਰੋਗ੍ਰਾਮਾਂ ਬਾਰੇ ਜਾਣਕਾਰੀ 15 ਭਾਸ਼ਾਵਾਂ ਵਿੱਚ, ਕੈਨ ਬੰਦ ਰਹਿਣ ਦੇ ਸਮੇਂ ਵੀ ਉਪਲੱਬਧ ਰਹਿੰਦੀ ਹੈ ਜੋ ਕਿ ਨਵੇਂ ਇਮੀਗਰੈਂਟ ਆਪ ਵੀ ਚੁੱਕ ਸਕਦੇ ਹਨ।

ਸ਼ੁਰੂ ਤੋਂ ਹੀ C.A.N.N. (ਕੈਨ) ਨੂੰ ਸਭਿਆਚਾਰ ਅਤੇ ਭਾਸ਼ਾ ਅਨੁਕੂਲ ਸਾਰੇ ਵਰਗਾਂ ਦੇ ਇਮੀਗਰੈਂਟਾਂ ਅਤੇ ਰਿਫਊਜੀਆਂ ਨੂੰ ਸੇਵਾਂਵਾਂ ਪ੍ਰਦਾਨ ਕਰਨ ਲਈ ਤਿਆਰ ਕੀਤਾ ਜਾਂਦਾ ਰਿਹਾ ਹੈ। ਸਭ ਤੋਂ ਪਹਿਲੇ ਮੁਲਾਜ਼ਮਾਂ ਦੀ ਟੀਮ ੬ ਮੈਂਬਰਾਂ ਦੀ ਸੀ ਜੋ ਕਿ 8 ਭਾਸ਼ਾਵਾਂ ਬੋਲਦੇ ਸਨ।ਸਮੇਂ ਅਨੁਸਾਰ ਭਿੰਨਤਾ ਦੇ ਅਧਾਰ ਤੇ ਇਮੀਗ੍ਰੇਸ਼ਨ ਸਾਧਨਾ ਵਿੱਚ ਵਾਧਾ ਹੋਣ ਦੇ ਨਾਲ ਨਾਲ, C.A.N.N. (ਕੈਨ)ਵਿੱਚ ਹੁਣ ਪੂਰਾ ਸਮਾਂ ਅਤੇ ਅੱਧਾ ਸਮਾਂ ਕੰਮ ਕਰਨ ਵਾਲੇ 25 ਮੁਲਾਜ਼ਮ ਹਨ ਜੋ ਕਿ ਅੰਗ੍ਰੇਜ਼ੀ ਅਤੇ ਫ੍ਰੈਂਚ ਤੋਂ ਇਲਾਵਾ 20 ਹੋਰ ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕਰਦੇ ਹਨ।C.A.N.N. (ਕੈਨ) ਅਫਸਰ ਨਵੇਂ ਆਉਣ ਵਾਲਿਆਂ ਨੂੰ ਕਨੇਡਾ ਵਿੱਚ ਆਉਣ ਤੇ ਵਸੇਬੇ ਲਈ ਪਹਿਲਾ ਕਦਮ ਚੁੱਕਣ ਲਈ ਪੂਰੀ ਜਾਣਕਾਰੀ ਦੇ ਸਕਣ ਲਈ ਸਿਖਲਾਈ ਦਿੱਤੀ ਜਾਂਦੀ ਹੈ।

ਫਰਵਰੀ 2007 ਵਿੱਚ, C.A.N.N. (ਕੈਨ) ਨੂੰ ਇਮੀਗ੍ਰੈਂਟਾਂ ਅਤੇ ਰਿਫਿਊਜੀਆਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਇਸ ਦੇ ਮਹਾਨ ਯੋਗਦਾਨ ਲਈ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕੈਨੇਡਾ ਵਲੋਂ ਸਮਾਨਿਤ ਕੀਤਾ ਗਿਆ। ਕਨੇਡਾ ਵਿੱਚ ਅਜੇਹਾ ਆਪਣੀ ਤਰਾਂ ਦਾ ਇਕੋ ਹੋਣ ਕਰ ਕੇ, C.A.N.N. (ਕੈਨ), ਸੰਸਾਰ ਭਰ ਵਿੱਚ ਇਮੀਗ੍ਰੈਂਟਾਂ ਨੂੰ ਲਗਾਤਾਰ ਆਵਾਸ ਸੰਬੰਧੀ ਸੇਵਾਂਵਾਂ ਪ੍ਰਦਾਨ ਕਰਨ ਦੀ ਇਕ ਆਦਰਸ਼ ਮਿਸਾਲ ਬਣ ਗਿਆ ਹੈ।

"ਨਵੇਂ ਆਉਣ ਵਾਲੇ ਇਮੀਗ੍ਰੈਂਟਾਂ ਲਈ, C.A.N.N. (ਕੈਨ), ਕਨੇਡਾ ਵਿੱਚ ਵਸੇਬੇ ਲਈ ਪਹਿਲਾ ਕਦਮ ਚੁਕਣ ਦੀ ਪ੍ਰਤੀਨਿਧਤਾ ਕਰਦਾ ਹੈ। ਆਵਾਸ ਸ਼ੰਬੰਧੀ ਸੇਵਾਂਵਾਂ ਪ੍ਰਦਾਨ ਕਰਨ ਵਾਲੀਆਂ ਏਜੰਸੀਆਂ ਲਈ C.A.N.N. (ਕੈਨ) ਨਵੇਂ ਕਨੇਡਾ ਵਾਸੀਆਂ ਨੂੰ ਉਨ੍ਹਾਂ ਦੇ ਪ੍ਰੋਗ੍ਰਾਮਾਂ ਨਾਲ ਜੋੜਨ ਲਈ ਪੁੱਲ ਦਾ ਕੰਮ ਕਰਦਾ ਹੈ।2009, ਸਾਡੀਆਂ ਸੇਵਾਂਵਾਂ ਦੀ 17ਵੀਂ ਬਰਸੀ ਦਾ ਚਿੰਨ ਹੈ, ਅਸੀਂ ਕਨੇਡਾ ਦੇ ਨਵੇਂ ਆਵਾਸੀਆਂ ਦੇ ਵਸੇਬੇ ਅਤੇ ਏਕੀਕਰਣ ਲਈ ਮਹਤੱਵਪੂਰਣ ਭੂਮਕਾ ਨਿਭਾਉਂਦੇ ਰਹਾਂਗੇ," ਪਰਮਪਾਲ ਨੇ ਕਿਹਾ।

S.U.C.C.E.S.S. (ਸਕਸੈਸ) ਨਵੇਂ ਇਮੀਗ੍ਰੈਂਟਾਂ ਅਤੇ ਰਿਫਉਜੀਆਂ ਬਾਰੇ ਲਗਾਤਾਰ ਜਾਣਕਾਰੀ ਪ੍ਰਦਾਨ ਕਰਦਾ ਰਹਿੰਦਾ ਹੈ।C.A.N.N. (ਕੈਨ) ਬਾਰੇ ਹਾਲ ਦੇ ਆਂਕੜੇ ਪ੍ਰਾਪਤ ਕਰਨ ਲਈ ਕਿਰਪਾ ਕਰ ਕੇ http://www.success.bc.ca/cann ਤੇ ਜਾਓ।

1973 ਤੋਂ ਵਿੱਤ-ਸਹਾਇਤਾ ਪ੍ਰਾਪਤ, S.U.C.C.E.S.S. (ਸਕਸੈਸ) ਬ੍ਰਿਟਿਸ਼ ਕੋਲੰਬਿਆ ਵਿੱਚ ਸਮਾਜਕ ਸੇਵਾਂਵਾਂ ਪ੍ਰਦਾਨ ਕਰਨ ਵਾਲੀਆਂ ਸੰਸਥਾਂਵਾਂ ਵਿੱਚੋਂ ਇਕ ਹੈ ਜੋ ਕਿ ੨੦ ਥਾਂਵਾਂ ਤੇ ਕਨੇਡਾ ਵਿੱਚ ਅਤੇ ੨ ਥਾਂਵਾਂ ਤੇ ਸਮੁੰਦਰੋਂ ਪਾਰ ਸੇਵਾਵਾਂ ਪ੍ਰਦਾਨ ਕਰਦਾ ਹੈ।

Contact:
Parampal Sharma
Manager, C.A.N.N. - Vancouver International Airport
S.U.C.C.E.S.S.
Tel: 604-270-0077
E-mail: Parampal.sharma@success.bc.ca

Eileen Lao
Public Affairs Manager
S.U.C.C.E.S.S.
Tel: 604-408-7243
E-mail Eileen.lao@success.bc.ca